# ਰੇਡੀਓ ਟੈਲੀਸਵਿੱਚ ਸੇਵਾ ਹੌਲੀ-ਹੌਲੀ ਬੰਦ ਕੀਤੀ ਜਾ ਰਹੀ ਹੈ:

## ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ




**30 ਜੂਨ 2025 ਤੋਂ,** ਪੂਰੇ ਗ੍ਰੇਟ ਬ੍ਰਿਟੇਨ ਵਿੱਚ ਰੇਡੀਓ ਟੈਲੀਸਵਿੱਚ ਸੇਵਾ **(RTS)** ਮੀਟਰਾਂ ਲਈ ਸਿਗਨਲ ਹੌਲੇ-ਹੌਲੇ ਬੰਦ ਹੋਣੇ ਸ਼ੁਰੂ ਹੋ ਗਏ, ਕਿਉਂਕਿ ਇਸ ਸਿਸਟਮ ਦਾ ਹੁਣ ਆਪਣਾ ਕਾਰਜਕਾਲੀ ਸਮਾਂ ਪੂਰਾ ਹੋ ਗਿਆ ਹੈ।

RTS ਸਿਗਨਲ ਨੂੰ ਕਈ ਪੜਾਵਾ 'ਚ ਬੰਦ ਕੀਤਾ ਜਾਵੇਗਾ, ਜਿਸ ਨਾਲ ਇੱਕ ਵਾਰੀ 'ਚ ਕੁਝ ਕੁ ਮੀਟਰਾਂ 'ਤੇ ਅਸਰ ਪਵੇਗਾ।

ਜੇ ਤੁਹਾਡੇ ਘਰ ਵਿੱਚ RTS ਮੀਟਰ ਲੱਗਾ ਹੋਇਆ ਹੈ, ਤਾਂ ਇਹ ਤਬਦੀਲੀ ਤੁਹਾਡੇ ਹੀਟਿੰਗ ਜਾਂ ਗਰਮ ਪਾਣੀ ਦੀ ਸਪਲਾਈ 'ਚ ਰੁਕਾਵਟ ਪਾ ਸਕਦੀ ਹੈ, ਜੇਕਰ ਤੁਹਾਡਾ ਮੀਟਰ ਨਾ ਬਦਲਿਆ ਗਿਆ।

### ਰੇਡੀਓ ਟੈਲੀਸਵਿੱਚ ਸੇਵਾ (RTS) ਕੀ ਹੁੰਦੀ ਹੈ?

ਰੇਡੀਓ ਟੈਲੀਸਵਿੱਚ ਸੇਵਾ (**RTS**) ਇਕ ਅਜਿਹਾ ਸਿਸਟਮ ਹੈ ਜੋ ਪੁਰਾਣੇ ਕਿਸਮ ਦੇ ਕੁਝ ਬਿਜਲੀ ਮੀਟਰਾਂ ਨੂੰ ਕੰਟਰੋਲ ਕਰਨ ਲਈ ਲੰਮੀ ਦੂਰੀ ਦੇ ਰੇਡੀਓ ਸਿਗਨਲ ਵਰਤਦਾ ਹੈ।

ਇਹ ਮੀਟਰਾਂ ਨੂੰ ਦੱਸਦਾ ਹੈ ਕਿ ਕਦੋਂ ਚੋਟੀ ਦੇ ਰੇਟਾਂ ਅਤੇ ਘੱਟ ਰੇਟਾਂ ਵਾਲੀ ਬਿਜਲੀ ਦੇ ਦਰਮਿਆਨ ਬਦਲਣਾ ਹੈ, ਤਾਂ ਜੋ ਗਾਹਕ ਰਾਤ ਵਾਲੇ ਸਸਤੇ ਰੇਟਾਂ ਦਾ ਫਾਇਦਾ ਲੈ ਸਕਣ।

**RTS** ਆਮ ਤੌਰ 'ਤੇ ਉਹਨਾਂ ਘਰਾਂ ਵਿੱਚ ਵਰਤਿਆ ਜਾਂਦਾ ਹੈ ਜਿੱਥੇ ਬਿਜਲੀ ਨਾਲ ਚੱਲਣ ਵਾਲੇ ਹੀਟਿੰਗਜਾਂ ਗਰਮ ਪਾਣੀ ਦੇ ਸਿਸਟਮ ਹੁੰਦੇ ਹਨ, ਜਿਵੇਂ ਕਿ ਸਟੋਰੇਜ ਹੀਟਰ, ਪੈਨਲ ਹੀਟਰ ਜਾਂ ਇਮਰਸ਼ਨ ਹੀਟਰ ਜੋ ਆਮ ਤੌਰ 'ਤੇ ਰਾਤ ਨੂੰ ਚਾਰਜ ਹੁੰਦੇ ਹਨ।

### "ਫੇਜ਼ ਆਉਟ" ਕੀ ਹੁੰਦਾ ਹੈ?

ਇਹ ਤਬਦੀਲੀ ਬੜੀ ਸੋਚ-ਸਮਝ ਕੇ ਅਤੇ ਪੂਰੇ ਧਿਆਨ ਨਾਲ ਕੀਤੀ ਜਾ ਰਹੀ ਹੈ।

RTS ਸਿਗਨਲ ਹੌਲੀ-ਹੌਲੀ ਕਈ ਪੜਾਵਾਂ 'ਚ ਬੰਦ ਕੀਤਾ ਜਾਵੇਗਾ, ਜਿਸ ਨਾਲ ਹਰ ਵਾਰੀ ਕੁਝ ਚੁਣੇ ਹੋਏ ਮੀਟਰ ਹੀ ਪ੍ਰਭਾਵਿਤ ਹੋਣਗੇ, ਤਬਦੀਲੀ 30 ਜੂਨ 2025 ਤੋਂ ਸ਼ੁਰੂ ਹੋ ਜਾਵੇਗੀ ਅਤੇ ਪੜਾਵਾਂ ਵਿੱਚ ਜਾਰੀ ਰਹੇਗੀ।

ਤੁਹਾਡਾ ਸਪਲਾਇਰ ਤੁਹਾਨੂੰ ਇਹ ਦੱਸੇਗਾ ਕਿ ਤੁਹਾਡਾ ਮੀਟਰ ਕਿਹੜੀ ਤਰੀਕ ਨੂੰ ਪ੍ਰਭਾਵਿਤ ਹੋਵੇਗਾ।

ਉਨ੍ਹਾਂ ਨਾਲ ਜਲਦੀ ਸੰਪਰਕ ਕਰੋ ਤਾਂ ਜੋ ਤੁਸੀ ਆਪਣਾ ਮੀਟਰ ਬਦਲਵਾਉਣ ਲਈ ਆਪਣੀ ਸੁਵਿਧਾ ਅਨੁਸਾਰ ਸਮਾਂ ਲੈ ਸੱਕੋ।

### RTS ਕਿਉਂ ਬੰਦ ਕੀਤਾ ਜਾ ਰਿਹਾ ਹੈ?

**RTS** ਸਿਸਟਮ ਹੁਣ ਆਪਣੇ ਆਖਰੀ ਦਿਨਾਂ 'ਚ ਹੈ।

ਜੋ ਮਸ਼ੀਨ ਰੇਡੀਓ ਸਿਗਨਲ ਭੇਜਦੀ ਹੈ, ਉਹ ਹੁਣ ਪੁਰਾਣੀ ਹੋ ਚੁੱਕੀ ਹੈ ਅਤੇ ਹੁਣ ਉਸ ਨੂੰ ਢੰਗ ਨਾਲ ਮੇਨਟੇਨ ਨਹੀ ਕੀਤਾ ਜਾ ਸਕਦਾ।

ਇਸ ਕਰਕੇ, RTS ਸਿਗਨਲ **30 ਜੂਨ 2025** ਤੋਂ ਸ਼ੁਰੂ ਹੋ ਕੇ ਹੌਲੀ-ਹੌਲੀ ਸਦਾ ਲਈ ਬੰਦ ਕਰ ਦਿੱਤਾ ਜਾਵੇਗਾ।

## ਜੇ ਮੇਰੇ ਕੋਲ RTS ਮੀਟਰ ਹੋਵੇ ਤਾਂ ਮੈਨੂੰ ਕੀ ਕਰਨਾ ਪਵੇਗਾ?

ਆਪਣੇ ਬਿਜਲੀ ਦੇ ਸਪਲਾਇਰ ਨਾਲ ਜਿੰਨਾ ਜਲਦੀ ਹੋ ਸਕੇ ਟਾਈਮ ਬੁੱਕ ਕਰੋ, ਤਾਂ ਜੋ ਤੁਸੀ ਆਪਣਾ RTS ਮੀਟਰ ਬਦਲਵਾ ਸਕੋ।

ਉਨ੍ਹਾਂ ਵਲੋਂ ਸੰਪਰਕ ਕਰਨ ਦੀ ਉਡੀਕ ਨਾ ਕਰੋ।

ਜੇਕਰ ਪਹਿਲਾਂ ਤੁਹਾਨੂੰ ਕਿਹਾ ਵੀ ਗਿਆ ਸੀ ਕਿ ਬਦਲਾਉਣ ਲਈ ਮੀਟਰ ਉਪਲਬਧ ਨਹੀ ਹੈ, ਤਾਂ ਹੁਣ ਸਾਰੇ ਘਰਾਂ ਅਤੇ ਬਿਜ਼ਨੇਸਾਂ ਲਈ ਨਵੇਂ ਹੱਲ ਆ ਚੁੱਕੇ ਹਨ।

## ਮੈਂ ਕਿਵੇਂ ਪਤਾ ਲਗਾ ਸਕਦਾ/ਸਕਦੀ ਹਾਂ ਕਿ ਮੇਰੇ ਕੋਲ RTS ਮੀਟਰ ਹੈ?

ਤੁਹਾਡੇ ਕੋਲ RTS ਮੀਟਰ ਹੋ ਸਕਦਾ ਹੈ ਜੇਕਰ:

- ਤੁਹਾਨੂੰ ਆਪਣੇ ਬਿਜਲੀ ਸਪਲਾਇਰ ਵੱਲੋਂ ਕੋਈ ਚਿੱਠੀ, ਈਮੇਲ, ਟੈਕਸਟ ਜਾਂ ਕਾਲ ਆਈ ਹੋਵੇ ਜਿਸ ਵਿੱਚ ਦੱਸਿਆ ਗਿਆ ਹੋਵੇ ਕਿ ਤੁਹਾਡੇ ਕੋਲ RTS ਮੀਟਰ ਹੈ
- ਤੁਹਾਡੇ ਮੀਟਰ ਕੋਲ ਇੱਕ ਵੱਖਰਾ ਸਵਿੱਚ ਬਾਕਸ ਹੋ ਸਕਦਾ ਹੈ ਜਿਸ 'ਤੇ "ਰੇਡੀਓ ਟੈਲੀਸਵਿੱਚ" ਲਿਖਿਆ ਹੋਵੇ
- ਤੁਹਾਡੇ ਘਰ ਦੀ ਹੀਟਿੰਗ ਬਿਜਲੀ ਜਾਂ ਸਟੋਰੇਜ ਹੀਟਰਾਂ ਨਾਲ ਚੱਲ ਰਹੀ ਹੋ ਸਕਦੀ ਹੈ
- ਜੇ ਤੁਹਾਡੇ ਇਲਾਕੇ 'ਚ ਗੈਸ ਦੀ ਸਪਲਾਈ ਨਹੀਂ ਹੈ– ਇਹ ਕਈ ਵਾਰੀ ਪਿੰਡਾਂ ਵਾਲੇ ਘਰਾਂ ਜਾਂ ਉੱਚੀ ਇਮਾਰਤਾਂ ਵਾਲੇ ਫਲੈਟਾਂ ਲਈ ਹੁੰਦਾ ਹੈ
- ਤੁਹਾਨੂੰ ਦਿਨ ਦੇ ਵੱਖ-ਵੱਖ ਸਮਿਆਂ 'ਚ ਸਸਤੀ ਬਿਜਲੀ ਮਿਲ ਰਹੀ ਹੋ ਸਕਦੀ ਹੈ। ਤੁਹਾਡਾ ਟੈਰਿਫ ਇਕਾਨਮੀ 7 (Economy 7), ਇਕਾਨਮੀ 10 (Economy 10) ਜਾਂ ਟੋਟਲ ਹੀਟ ਟੋਟਲ ਕੰਟ੍ਰੋਲ (Total Heat Total Control) ਹੋ ਸਕਦਾ ਹੈ।

ਜੇ ਤੁਹਾਨੂੰ ਯਕੀਨ ਨਹੀਂ ਕਿ ਤੁਹਾਡੇ ਕੋਲ RTS ਉਪਕਰਣ ਹੈ ਜਾਂ ਨਹੀਂ, ਤਾਂ ਆਪਣੇ ਬਿਜਲੀ ਸਪਲਾਇਰ ਨਾਲ ਸੰਪਰਕ ਕਰੋ। ਉਹ ਤੁਹਾਨੂੰ ਸਹੀ ਜਾਣਕਾਰੀ ਦੇਣਗੇ।

## ਕੀ ਮੈਂ ਹੁਣ ਵਾਲੇ ਟੈਰਿਫ 'ਤੇ ਹੀ ਰਹਿ ਸਕਾਂਗਾ/ਗੀ?

ਤੁਹਾਡਾ ਸਪਲਾਇਰ ਤੁਹਾਨੂੰ ਦੱਸੇਗਾ ਕਿ ਤੁਹਾਡੇ ਲਈ ਕਿਹੜੇ ਟੈਰਿਫ ਉਪਲਬਧ ਹਨ।

ਉਹ ਤੁਹਾਡੇ ਘਰ ਵਿੱਚ ਲੱਗੇ ਹੋਏ ਹੀਟਿੰਗ ਜਾਂ ਗਰਮ ਪਾਣੀ ਵਾਲੇ ਸਿਸਟਮ ਨੂੰ ਧਿਆਨ ਵਿੱਚ ਰੱਖ ਕੇ ਸਭ ਤੋਂ ਢੁੱਕਵਾਂ ਟੈਰਿਫ ਦੇਣ ਦੀ ਕੋਸ਼ਿਸ਼ ਕਰਨਗੇ।

## ਕੀ ਮੇਰਾ RTS ਮੀਟਰ ਬਦਲਵਾਉਣ ਲਈ ਪੈਸੇ ਲੱਗਣਗੇ?

ਸਪਲਾਇਰ ਤੁਹਾਡੇ ਤੋਂ ਮੀਟਰ ਬਦਲਵਾਉਣ ਲਈ ਪੈਸੇ ਨਹੀ ਲੈਣਗੇ।

**RTS ਬਾਰੇ ਵਧੇਰੀ ਜਾਣਕਾਰੀ ਪਾਉਣ ਲਈ, ਇਸ QR ਕੋਡ ਦੀ ਵਰਤੋਂ ਕਰੋ:**

**Ofgem:**

**ਹੁਣੇ ਕਾਰਵਾਈ ਕਰੋ ਅਤੇ ਮੀਟਰ ਬਦਲਵਾਉਣ ਲਈ ਅਪਾਇੰਟਮੈਂਟ ਬੁਕ ਕਰੋ**

ofgem Making a positive difference for energy consumers